# ਡਾਕੀਆ (ਲੇਖ)

ਡਾਕੀਆ ਸਾਡੇ ਜੀਵਨ ਦੇ ਹਰ ਖੇਤਰ ਵਿੱਚ ਮਹੱਤਵਪੂਰਨ ਸਥਾਨ ਰੱਖਦਾ ਹੈ। ਉਸ ਦੀ ਹਰ ਘਰ, ਹਰ ਦਫ਼ਤਰ ਅਤੇ ਹਰ ਸਥਾਨ ਤੇ ਉਡੀਕ ਕੀਤੀ ਜਾਂਦੀ ਹੈ। ਉਹ ਸਾਡੇ ਘਰਾਂ ਵਿੱਚ ਸਾਡੇ ਮਿੱਤਰਾਂ ਅਤੇ ਸੰਬੰਧੀਆਂ ਦੀਆਂ ਚਿੱਠੀਆਂ ਲੈ ਕੇ ਆਉਂਦਾ ਹੈ। ਉਹ ਘਰਾਂ ਅਤੇ ਦਫਤਰਾਂ ਵਿੱਚ ਨਿੱਜੀ, ਸਰਕਾਰੀ ਅਤੇ ਵਪਾਰਕ ਚਿੱਠੀਆਂ, ਰਜਿਸਟਰੀਆਂ, ਪਾਰਸਲ ਅਤੇ ਮਨੀਆਰਡਰ ਪਹੁੰਚਾਉਂਦਾ ਹੈ। ਉਸ ਨੂੰ ਦੇਖ ਕੇ ਆਮ ਕਰਕੇ ਹਰ ਇੱਕ ਦਾ ਚਿਹਰਾ ਖਿੜ ਜਾਂਦਾ ਹੈ।



ਇੱਕ ਥਾਂ ਤੋਂ ਦੂਜੀ ਥਾਂ ਤੇ ਸੁਨੇਹੇ ਪਹੁੰਚਾਉਣ ਦਾ ਕੰਮ ਬਹੁਤ ਪੁਰਾਣਾ ਹੈ। ਸੁਨੇਹੇ ਪਹੁੰਚਾਉਣ ਲਈ ਅੱਜ-ਕੱਲ੍ਹ ਟੈਲੀਫੋਨ, ਮੋਬਾਇਲ ਫੋਨ, ਫੈਕਸ, ਅਤੇ ਇੰਟਰਨੈਟ ਦੀ ਵਰਤੋਂ ਵੀ ਹੁੰਦੀ ਹੈ ਪਰ ਸਾਡੇ ਹੱਥਾਂ ਨਾਲ ਲਿਖਿਆ ਸੁਨੇਹਾ ਸਿਰਫ ਡਾਕੀਆ ਹੀ ਦੂਜਿਆਂ ਤਕ ਪਹੁੰਚਾਉਂਦਾ ਹੈ।

ਡਾਕੀਆ ਇਕ ਸਰਕਾਰੀ ਮੁਲਾਜ਼ਮ ਹੁੰਦਾ ਹੈ। ਉਹ ਖਾਕੀ ਵਰਦੀ ਪਾਉਂਦਾ ਹੈ। ਉਸ ਦੇ ਸਾਈਕਲ ਦੀ ਟੋਕਰੀ ਵਿੱਚ ਚਿੱਠੀਆਂ ਅਤੇ ਰਜਿਸਟਰੀਆਂ ਹੁੰਦੀਆਂ ਹਨ। ਉਸਦੇ ਬੈਗ ਵਿੱਚ ਮਨੀਆਰਡਰ ਦੇ ਪੈਸੇ ਅਤੇ ਪਾਰਸਲ ਹੁੰਦੇ ਹਨ। ਉਹ ਦਿਨ ਵਿੱਚ ਦੋ ਵਾਰ ਡਾਕ ਵੰਡਣ ਲਈ ਜਾਂਦਾ ਹੈ। ਉਸ ਦੀ ਤਨਖਾਹ ਬਹੁਤੀ ਨਹੀਂ ਹੁੰਦੀ ਪਰ ਉਹ ਇੱਕ ਇਮਾਨਦਾਰ ਆਦਮੀ ਹੁੰਦਾ ਹੈ। ਉਹ ਹਰ ਅਮੀਰ-ਗਰੀਬ ਅਤੇ ਖੁਸ਼ੀ-ਗਮੀ ਵਿੱਚ ਘਿਰੇ ਹਰ ਬੰਦੇ ਲਈ ਇੱਕ ਆਸ ਹੁੰਦਾ ਹੈ। ਇਸ ਪ੍ਰਕਾਰ ਉਹ ਹਰ ਥਾਂ ਹਰਮਨ-ਪਿਆਰਾ ਬਣਿਆ ਰਹਿੰਦਾ ਹੈ।

ਤਿਆਰ ਕਰਤਾ : ਊਸ਼ਾ ਰਾਣੀ, ਪੰਜਾਬੀ ਅਧਿਆਪਕਾ ,
ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ( ਕੰ . ) ਮੱਤੇਵਾਲ ,
ਬੀ.ਐਮ. ਪੰਜਾਬੀ
ਬਲਾਕ ਤਰਸਿੱਕਾ
ਜ਼ਿਲ੍ਹਾ ਅੰਮ੍ਰਿਤਸਰ । ਮੋਬਾਇਲ 7529022691